Mob. 9897947825
email : hindustanscoutspunjab2015@gmail.com
www.hindustanscoutsandguides.com
www.hsindia.org

"Our Motto-Serve man to reach god"

# हिन्दुस्तान स्काउट्स एवं गाइड्स पंजाब राज्य
# Hindustan Scouts & Guides Punjab State

Related with Sports Education Department of Punjab Government &
Ministry of Youth Affairs & Sports Government of India New Delhi
State Head Qtrs. 2nd Floor, Phase-8, Punjab School Education Board, S.A.S Nagar

Ref. No HSG/P.B.-28/17-18/121 Dated 20-07-2017

ਵੱਲ : -

ਸਮੂਹ ਜਿਲ੍ਹਾ ਸਿਖਿਆ ਅਫਸਰ

ਮਾਝਾ ਅਤੇ ਦੁਆਬਾ ਖੇਤਰ।

ਵਿਸ਼ਾ : - ਹਰੇਕ ਸਕੂਲ ਵਿੱਚ ਹਿੰਦੋਸਤਾਨ ਸਕਾਊਟ ਐਂਡ ਗਾਈਡ ਦੇ ਘਟ ਤੋਂ ਘਟ ਦੋ ਇਨਚਾਰਜ ਬਣਾਉਣ ਅਤੇ ਹਰੇਕ ਸਕੂਲ ਵਿੱਚ ਵਿਦਿਆਰਥੀਆਂ ਦੇ ਛੋਟੇ - ਛੋਟੇ ਸਮੂਹ/ ਯੂਨੀਟ /ਕਲਬ ਅਤੇ ਹਾਊਸ ਬਣਾ ਕੇ ਗਤੀਵਿਧੀਆਂ ਕਰਵਾਉਣ ਸੰਬਧੀ ।

ਸ਼੍ਰੀ ਮਾਨ ਜੀ / ਸ਼੍ਰੀ ਮਤੀ ਜੀ,

ਬੇਨਤੀ ਇਹ ਹੈ ਕਿ ਆਪਣੇ - ਆਪਣੇ ਖੇਤਰ ਅਧੀਨ ਪੈਂਦੇ ਸਮੂਹ ਸਰਕਾਰੀ ,ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ ਦੇ ਮਿਸ਼ਨ ਠੋ ਸ਼ਏਰਵਏ ਮਉਨ ਟੋ ਰਏਓਚਹ ਘੋਦ ਨੂੰ ਪੂਰਾ ਕਰਨ ਲਈ ਹਰੇਕ ਸਕੂਲ ਵਿੱਚ ਬਾਕੀ ਅਧਿਆਪਕਾਂ ਦੇ ਨਾਲ - ਨਾਲ ਘਟ ਤੋਂ ਘਟ ਦੋ ਅਧਿਆਪਕਾਂ/ਕਰਮਚਾਰੀਆਂ ਨੂੰ ਹਿੰਦੋਸਤਾਨ ਸਕਾਊਟ ਐਂਡ ਗਾਈਡ ਦੇ ਇਨਚਾਰਜ ਬਣਾਇਆ ਜਾਵੇ ਤਾਂ ਜੋ ਕਿ ਟੀਮ ਵਰਕ (ਇੱਕ - ਜੁਟਤਾ) ਨਾਲ ਸਾਰੀਆਂ ਗਤੀਵਿਧੀਆਂ ਅਤੇ ਮੁਕਾਬਲੇ ਸਹੀ ਢੰਗ ਨਾਲ ਕਰਵਾਈਆਂ ਜਾ ਸਕਣ,ਅਤੇ ਸਮੇਂ ਸਿਰ ਰਿਪੋਰਟਾਂ ਭੇਜੀਆਂ ਜਾ ਸਕਣ ।ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਜਿਹਨਾਂ ਸਕੂਲਾਂ ਵਿੱਚ ਪਹਿਲਾਂ ਹੀ ਇਕ ਅਧਿਆਪਕ ਨੂੰ ਇਨਚਾਰਜ ਬਣਾਇਆ ਜਾ ਚੁਕਾ ਹੈ ਉਹਨਾਂ ਸਕੂਲਾਂ ਵਿੱਚ ਇਕ ਹੋਰ ਅਧਿਆਪਕ ਨੂੰ ਇਨਚਾਰਜ ਬਣਾਇਆ ਜਾਵੇ ਤਾਂ ਜੋ ਕਿ ਹਰੇਕ ਸਕੂਲ ਵਿੱਚ ਸਕਾਊਟ ਐਂਡ ਗਾਈਡ ਦੇ ਦੋ - ਦੋ ਇਨਚਾਰਜ ਹੋਣ ਜਿਸ ਨਾਲ ਸਕਾਊਟ ਐਂਡ ਗਾਈਡ ਦੇ ਕੰਮ ਵਿੱਚ ਕੋਈ ਰੁਕਾਵਟ ਨਾਂ ਆਵੇ । ਇਸ ਦੇ ਨਾਲ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਉਜਾਗਰ ਕਰਨ ਲਈ ਅਤੇ ਇਕ ਟੀਮ ਵਿੱਚ ਕੰਮ ਕਰਨ ਦੀ ਭਾਵਨਾ ਭਰਨ ਲਈ ਵਿਦਿਆਰਥੀਆਂ ਦੇ ਛੋਟੇ - ਛੋਟੇ ਸਮੂਹ/ਹਾਊਸ /ਕੱਲਬ /ਯੂਨੀਟ ਬਣਾ ਕਿ ਮੁਕਾਬਲੇ ਅਤੇ ਗਤੀਵਿਧੀਆਂ ਕਰਵਾਈਆਂ ਜਾਣ ਹਰੇਕ ਹਾਊਸ /ਸਮੂਹ/ਕੱਲਬ ਦੀ ਗਤੀਵਿਧੀ ਦੀ ਰਿਪੋਰਟ ਬਣਾ ਕਿ ਫੋਟੋਆਂ ਸਮੇਤ ਸਾਰੀ ਰਿਪੋਰਟ ਬਣਾ ਕੇ ਸਟੇਟ ਸੱਕਤਰ ਹਿੰਦੋਸਤਾਨ ਸਕਾਊਟ ਐਂਡ ਗਾਈਡ ਦੇ ਦਫਤਰ ਈ. ਮੇਲ. ਰਾਹੀਂ ਭੇਜੀ ਜਾਵੇ ।ਇਸ ਦੀ ਨਿਰੋਲ ਜਿਮੇਂਵਾਰੀ ਸਕੂਲ ਮੁਖੀ ਦੀ ਹੋਵੇਗੀ।

ਸਕਾਊਟ ਐਂਡ ਗਾਈਡ ਦੇ ਕੈਂਪ ਅਤੇ ਹੋਰ ਗਤੀਵਿਧੀਆਂ ਦੀ ਰਿਪੋਰਟ ਹਰ ਮਹੀਨੇ ਦੀ 25 ਤਰੀਕ ਤੱਕ ਹਰ ਹਾਲਤ ਵਿੱਚ ਜਿਲ੍ਹਾ ਓਰਗੇਨਾਈਜ਼ੀਂਗ ਕਮੀਸ਼ਨਰ ਨੂੰ ਅਤੇ ਸਟੇਟ ਸ਼ਕੱਤਰ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ ਨੂੰ ਈ.ਮੇਲ ਰਾਂਹੀ ਈ.ਮੇਲ ਆਈ. ਡੀ. ਹਨਿਦੁਸਟਓਨਸਚੋਟਸਪੁਨਜਓਬ2015ਗਮਓਲਿ.ਚੋਮ ਤੇ ਭੇਜੀ ਜਾਵੇਗੀ ।ਰਿਪੋਰਟ ਭੇਜਣ ਵਿੱਚ ਕਿਸੇ ਤਰ੍ਹਾਂ ਦੀ ਅਣਗਹਿਲੀ ਨਾਂ ਕੀਤੀ ਜਾਵੇ ਰਿਪੋਰਟ ਭੇਜਣ ਦੀ ਸਾਰੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।ਇਸ ਨੂੰ ਪਹਿਲ ਦੇ ਆਧਾਰ ਤੇ ਤਰਜੀਹ ਦਿੰਦੇ ਹੋਏ ਅਤੀ ਜਰੂਰੀ ਸਮਝ ਕਿ ਸਮੇਂ ਸਿਰ ਭੇਜਿਆ ਜਾਵੇ । ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ ।

ਆਪ ਜੀ ਦਾ ਵਿਸ਼ਵਾਸ਼ਪਾਤਰ
20/07/2017
ਨਿਤਿਨ ਚੌਧਰੀ
ਸਟੇਟ ਸਕੱਤਰ
ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ

ਉਤਾਰਾ:- ਮਾਣਯੋਗ ਸਕੱਤਰ ਸਿਖਿਆ ਪੰਜਾਬ।
ਮਾਣਯੋਗ ਡੀ.ਜੀ.ਐਸ.ਈ.ਪੰਜਾਬ।
ਮਾਣਯੋਗ ਡੀ.ਪੀ.ਆਈ.ਪੰਜਾਬ।
ਮਾਣਯੋਗ ਚੇਅਰਮੈਨ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ।
ਮਾਣਯੋਗ ਪਰੈਜ਼ੀਡੈਂਟ/ ਪ੍ਰਧਾਨ ਹਿੰਦੋਸਤਾਨ ਸਕਾਊਟ ਐਂਡ ਗਾਈਡ ਪੰਜਾਬ।

HINDUSTAN SCOUTS & GUIDES * PUNJAB *

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ

ਈ ਮੇਲ: pes.amr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ :ਗਾਈਡੈਂਸ/2017/ਅੰਮ੍ਰਿਤਸਰ/ 48 ਮਿਤੀ : 26/07/2017

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਹੈਡਮਾਸਟਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

26/07/2017
ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮਿਤਸਰ